**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ-ਕਮ-ਮੈਂਬਰ ਸਕੱਤਰ, ਪਿਕਟਸ**

**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)**

**ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਚੌਥੀ ਮੰਜਿਲ, ਫੇਸ 8, ਸਅਸ ਨਗਰ (ਫੋਨ:0172-5212311)**

ਵੱਲ

ਸਮੂਹ ਸਿੱਖਿਆ ਅਫਸਰ (ਸੈ.ਸਿ)
ਪੰਜਾਬ।
ਸਮੂਹ ਸਕੂਲ ਮੁਖੀ (ਸਹਸ/ਸਸਸਸ) ਵੈੱਬ ਸਾਈਟ ਰਾਹੀਂ

ਪੱਤਰ ਨੰ.: PICTES/E-209035/Internet Connection/WiFi/2021/२५४।२।
ਮਿਤੀ २२/०७/२०२१

**ਵਿਸ਼ਾ:** **ਆਈ.ਸੀ.ਟੀ. ਅਧੀਨ ਕਵਰ ਕੀਤੇ ਰਾਜ ਦੇ ਸਰਕਾਰੀ ਸਕੂਲਾਂ ਨੂੰ ਹਾਈ ਸਪੀਡ ਇੰਟਰਨੈੱਟ ਕੁਨੈਕਸ਼ਨ ਅਤੇ WiFi ਕੈਂਪਸ ਵਿੱਚ ਤਬਦੀਲ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਵੱਲੋਂ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਆਰੰਭੀ ਗਈ ਹੈ। ਇਸ ਤਹਿਤ ਵਿਭਾਗ ਵੱਲੋਂ 70% ਤੋਂ ਵੱਧ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਆਈ.ਸੀ.ਟੀ. ਪ੍ਰੋਜੈਕਟ ਦੇ ਤਹਿਤ ਰਾਜ ਦੇ ਸਰਕਾਰੀ ਹਾਈ, ਸੀਨੀਅਰ ਸੈਕੰਡਰੀ ਅਤੇ ਮਿਡਲ ਸਕੂਲਾਂ ਵਿੱਚ ਇੰਟਰਨੈੱਟ ਸੁਵਿਧਾ ਉਪਲਬਧ ਕਰਵਾਈ ਗਈ ਹੈ, ਜਿਸ ਲਈ ਮੌਜੂਦਾ ਸਮੇਂ 395/- ਪ੍ਰਤੀ ਮਹੀਨਾ ਇੰਟਰਨੈੱਟ ਗ੍ਰਾਂਟ ਮੁਹੱਈਆ ਕਰਵਾਈ ਜਾ ਰਹੀ ਹੈ।

3.0 ਵੱਖ-ਵੱਖ ਮੀਟਿੰਗਾਂ ਦੌਰਾਨ ਸਕੂਲ ਮੁਖੀਆਂ ਵੱਲੋਂ ਇਹ ਸੁਝਾਅ ਦਿੱਤੇ ਗਏ ਹਨ ਕਿ ਸਮਾਰਟ ਸਕੂਲ ਮੁਹਿੰਮ ਦੇ ਤਹਿਤ ਵਿਭਾਗ ਵੱਲੋਂ ਜਿਨ੍ਹਾਂ ਸਕੂਲਾਂ ਵਿੱਚ **Micro PCs, Speakers and Projection-cum-Writing White Board** ਆਦਿ ਉਪਕਰਨ ਮੁਹੱਈਆ ਕਰਵਾਏ ਗਏ ਹਨ, ਉਨ੍ਹਾਂ ਸਕੂਲਾਂ ਵਿੱਚ ਹਾਈ ਸਪੀਡ ਫਾਈਬਰ ਇੰਟਰਨੈੱਟ ਕੁਨੈਕਸ਼ਨ ਦੀ ਲੋੜ ਹੈ ਤਾਂ ਜੋ ਅਧਿਆਪਕ/ਵਿਦਿਆਰਥੀ ਈ-ਕੰਟੈਂਟ ਦਾ ਲਾਭ ਲੈ ਸਕਣ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਕਈ ਸਕੂਲ ਮੁਖੀਆਂ ਵੱਲੋਂ ਆਪਣੇ ਪੱਧਰ ਤੇ ਸਕੂਲ ਵਿੱਚ ਹਾਈ ਸਪੀਡ ਫਾਈਬਰ ਇੰਟਰਨੈੱਟ ਕੁਨੈਕਸ਼ਨ ਲਗਵਾਇਆ ਗਿਆ ਹੈ ਜਿਸ ਤੇ ਲਗਭਗ 1000/- ਰੁਪਏ ਪ੍ਰਤੀ ਮਹੀਨਾ ਦਾ ਖਰਚ ਆ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਜੇਕਰ ਸਾਰੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਹਾਈ ਸਪੀਡ ਫਾਈਬਰ ਇੰਟਰਨੈੱਟ ਕੁਨੈਕਸ਼ਨ ਵਾਲੇ ਹੋ ਜਾਣ ਤਾਂ ਇਸ ਨਾਲ ਅਧਿਆਪਕਾਂ/ਵਿਦਿਆਰਥੀਆਂ ਨੂੰ ਬਹੁਤ ਲਾਭ ਹੋਵੇਗਾ।

Scanned with CamScanner

4.0 ਜਿਕਰਯੋਗ ਹੈ ਕਿ ਆਈ.ਸੀ.ਟੀ. ਅਧੀਨ ਰਾਜ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਮੋਜੂਦਾ ਸਮੇਂ 395/- ਪ੍ਰਤੀ ਮਹੀਨਾ ਇੰਟਰਨੈੱਟ ਗ੍ਰਾਂਟ ਮੁਹੱਈਆ ਕਰਵਾਈ ਜਾ ਰਹੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਸਮੇਂ ਮਾਰਕਿਟ ਵਿੱਚ ਹਾਈ ਸਪੀਡ ਇੰਟਰਨੈੱਟ ਪਲਾਨ ਵਾਜਬ ਰੇਟਾਂ ਤੇ ਉਪਲਬਧ ਹਨ। ਸਕੂਲ ਮੁਖੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਅਤੇ ਮੋਜੂਦਾ ਸਮੇਂ ਦੀ ਜਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਵਿੱਚ ਉਪਲਬਧ ਸਮਾਰਟ ਕਲਾਸਰੂਮਜ਼/ਕੰਪਿਊਟਰ ਲੈਬਜ਼ ਨੂੰ WiFi ਦੁਆਰਾ ਹਾਈ ਸਪੀਡ ਇੰਟਰਨੈੱਟ ਨਾਲ ਕੁਨੈਕਟ ਕਰਨ ਦੀ ਜਰੂਰਤ ਹੈ ਤਾਂ ਜੋ ਅਧਿਆਪਕ/ਵਿਦਿਆਰਥੀ ਬਿਨ੍ਹਾਂ ਕਿਸੇ ਰੁਕਾਵਟ ਦੇ ਈ-ਕੰਟੈਂਟ ਅਤੇ ਹੋਰ ਵਿੱਦਿਅਕ ਕੰਟੈਂਟ ਦਾ ਭਰਪੂਰ ਲਾਭ ਲੈ ਸਕਣ।

5.0 ਉਕਤ ਦੀ ਰੌਸ਼ਨੀ ਵਿੱਚ ਸਬੰਧਤ ਸਕੂਲ ਮੁਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਕੂਲ ਦੇ ਮੋਜੂਦਾ ਇੰਟਰਨੈੱਟ ਕੁਨੈਕਸ਼ਨ ਨੂੰ ਅਪਗ੍ਰੇਡ/ਬਦਲ ਕੇ ਸਕੂਲ ਦੀ feasibility ਅਨੁਸਾਰ WiFi ਸੁਵਿਧਾ ਵਾਲਾ ਹਾਈ ਸਪੀਡ ਫਾਈਬਰ ਇੰਟਰਨੈੱਟ ਕੁਨੈਕਸ਼ਨ ਇੰਸਟਾਲ ਕਰਵਾ ਕੇ ਸਕੂਲ ਨੂੰ WiFi ਕੈਂਪਸ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਇਸ ਤੇ ਆਉਣ ਵਾਲਾ ਵਾਧੂ ਖਰਚਾ ਆਪਣੇ ਸਰੋਤਾਂ ਰਾਹੀਂ ਜਾਂ ਅਮਲਗਾਮੇਟਡ ਫ਼ੰਡ ਵਿੱਚੋਂ ਕੀਤਾ ਜਾ ਸਕਦਾ ਹੈ।

6.0 ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

**ਕ੍ਰਿਸ਼ਨ ਕੁਮਾਰ, ਆਈ.ਏ.ਐਸ.**

**ਮਿਤੀ: 20.07.2021** **ਸਕੱਤਰ ਸਕੂਲ ਸਿੱਖਿਆ, ਪੰਜਾਬ**

ਪਿੰਠ ਅੰਕਣ. ਨੰ.: ਉਕਤ ਮਿਤੀ 22.07.2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1.0 ਏ.ਐਸ.ਪੀ.ਡੀ. (ਸਮਾਰਟ ਸਕੂਲ) ।

2.0 ਪ੍ਰੋਜੈਕਟ ਕੁਆਰਡੀਨੇਟਰਜ਼ (ਸਰਕਲ) ਆਈ.ਸੀ.ਟੀ. ।

22-07-2021

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪਿਕਟਸ**

Scanned with CamScanner